**BCM SCHOOL BASANT AVENUE DUGRI ROAD LUDHIANA**

**ASSIGNMENT FOR REVISION OF DEC EXAMS**

**ਭਾਗ-ੳ**

**1. ਹੇਠਾਂ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ : (6×1=6)**

ਮਨੁੱਖੀ ਦਿਮਾਗ਼ ਨੇ ਕੰਪਿਊਟਰ ਦੀ ਕਾਢ ਕੱਢ ਕੇ ਨਵੇਂ ਦਿਮਾਗ਼ ਦੀ ਸਿਰਜਣਾ ਕਰ ਲਈ ਹੈ ਅਤੇ ਕੰਪਿਊਟਰ ਨੇ ਮਨੁੱਖ ਦੇ ਅਨੇਕਾਂ ਕੰਮ ਕਰ ਦਿੱਤੇ ਹਨ। ਸਿੱਖਿਆ ਦੇ ਖੇਤਰ ਵਿੱਚ ਵੀ ਕੰਪਿਊਟਰ ਇੱਕ ਵੱਖਰਾ ਵਿਸ਼ਾ ਬਣ ਗਿਆ ਹੈ। ਇਸ ਦੀ ਜਾਣਕਾਰੀ ਤੋਂ ਬਿਨਾਂ ਅਜੋਕੇ ਵਿਦਿਆਰਥੀ ਦਾ ਗਿਆਨ ਅਧੂਰਾ ਸਮਝਿਆ ਜਾਂਦਾ ਹੈ ਇਸੇ ਲਈ ਸਕੂਲਾਂ ਵਿੱਚ ਵਿਦਿਆਰਥੀ ਨੂੰ ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਜਾਂਦੀ ਹੈ। ਨੈੱਟਵਰਕ ਰਾਹੀਂ ਇਹ ਮਸ਼ੀਨ ਮਨੁੱਖ ਦਾ ਨਾਤਾ ਪੂਰੀ ਦੁਨੀਆ ਨਾਲ਼ ਜੋੜ ਦਿੰਦੀ ਹੈ। ਕੰਪਿਊਟਰ ਸਮਾਜਿਕ ਵਰਤਾਰੇ ਦੀ ਅਜਿਹੀ ਨਾੜ ਬਣ ਗਿਆ ਹੈ ਕਿ ਜੇਕਰ ਇਸ ਨੂੰ ਕੱਟ ਦਿੱਤਾ ਤਾਂ ਸਾਰੇ ਸਮਾਜ ਦਾ ਲਕਵਾ ਮਾਰ ਸਕਦਾ ਹੈ ਸਮਾਜ ਦੇ ਸਾਰੇ ਕੰਮ ਰੁਕ ਸਕਦੇ ਹਨ। ਇਸ ਨਿੱਕੀ ਜਿਹੀ ਮਸ਼ੀਨ ਦੀ ਕਾਢ ਤੱਕ ਪੁੱਜਦਿਆਂ ਸਮਾਜਿਕ ਵਰਤਾਰੇ ਵਿੱਚ ਢੇਰ ਤਬਦੀਲੀ ਆਈ ਹੈ ਅਤੇ ਆ ਰਹੀ ਹੈ ਬੱਚਿਆਂ ਤੋਂ ਬਚਪਨ ਦੀਆਂ ਬੇਪਰਵਾਹੀਆਂ ਖੁੱਸ ਗਈਆਂ ਹਨ। ਬਚਪਨ ਦੀਆਂ ਖੇਡਾਂ ਹੁਣ ਇਤਿਹਾਸ ਬਣ ਗਈਆਂ ਹਨ। ਹੁਣ ਅਜਿਹੀਆਂ ਖੇਡਾਂ ਨੇ ਥਾਂ ਲੈ ਲਈ ਹੈ ਜਿਹੜੀਆਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਪਾਰ ਨਾਲ਼ ਜੁੜੀਆਂ ਹਨ। ਕੰਪਿਊਟਰ ਨੇ ਬੱਚਿਆਂ ਤੋਂ ਉਹਨਾਂ ਦੀਆਂ ਮੈਦਾਨੀ ਖੇਡਾਂ ਖੋਹ ਲਈਆਂ ਹਨ। ਇਸ ਤੋਂ ਇਲਾਵਾ ਬਚਪਨ ਦੀਆਂ ਉਹ ਨਿੱਕੀਆਂ-ਨਿੱਕੀਆਂ ਅਤੇ ਪਿਆਰ ਦੀਆਂ ਗੱਲਾਂ ਕਰਨ ਦਾ ਸਮਾਂ ਇਸ ਕੰਪਿਊਟਰ ਨੇ ਖਾ ਲਿਆ।

(i) ਨਵੇਂ ਦਿਮਾਗ ਦੀ ਕਾਢ ਕਿਸ ਨੇ ਕੱਢੀ ?

(ੳ) ਮਸ਼ੀਨਾਂ ਨੇ ☐ (ਅ) ਮਨੁੱਖ ਨੇ ☐

(ੲ) ਸਰਕਾਰਾਂ ਨੇ ☐ (ਸ) ਆਦਿ-ਵਾਸੀਆਂ ਨੇ ☐

(ii) ਕੰਪਿਊਟਰ ਤੋਂ ਬਿਨਾਂ ਅਜੋਕੇ ਸਮਾਜ ਦੀ ਹਾਲਤ ਕਿਹੋ ਜਿਹੀ ਹੋ ਜਾਵੇਗੀ ?

(ੳ) ਲੁਕਵੇਂ ਤੇ ਰੋਗੀ ਵਰਗੀ ☐ (ਅ) ਕੈਂਸਰ ਦੇ ਰੋਗੀ ਵਰਗੀ ☐

(ੲ) ਪੋਲੀਏ ਦੇ ਰੋਗੀ ਵਰਗੀ ☐ (ਸ) ਕੋਰੋਨਾ ਦੇ ਰੋਗੀ ਵਰਗੀ ☐

(iii) ਕੰਪਿਊਟਰ ਨੇ ਬੱਚਿਆਂ ਦੇ ਬਚਪਨ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ?

(ੳ) ਬੱਚੇ ਸ਼ਰਾਰਤੀ ਹੋ ਗਏ ਹਨ ☐

(ਅ) ਆਗਿਆਕਾਰੀ ਹੋ ਗਏ ਹਨ ☐

(ੲ) ਬੇਪਰਵਾਹੀਆਂ ਅਤੇ ਮੈਦਾਨੀ ਖੇਡਾਂ ਖੁੱਸ ਗਈਆਂ ਹਨ ☐

(ਸ) ਲਾਪਰਵਾਹ ਹੋ ਗਏ ਹਨ ☐

(iv) ਮੈਦਾਨੀ ਖੇਡਾਂ ਤੋਂ ਕੀ ਭਾਵ ਹੈ ?

(ੳ) ਸਕੂਲ ਵਿੱਚ ਖੇਡੀਆਂ ਜਾਣ ਵਾਲ਼ੀਆਂ ⬭

(ਅ) ਮੈਦਾਨ ਵਿੱਚ ਦੂਜੇ ਬੱਚਿਆਂ ਨਾਲ਼ ਰਲ ਕੇ ਖੇਡੀਆਂ ਜਾਣ ਵਾਲ਼ੀਆਂ ⬭

(ੲ) ਘਰ ਵਿੱਚ ਖੇਡੀਆਂ ਜਾਣ ਵਾਲ਼ੀਆਂ ⬭

(ਸ) ਪਿੰਡਾਂ ਵਿੱਚ ਖੇਡੀਆਂ ਜਾਣ ਵਾਲ਼ੀਆਂ ⬭

(v) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ੳ) ਬਚਪਨ ⬭ (ਅ) ਜਵਾਨੀ ⬭

(ੲ) ਪੁਰਾਤਨ ਖੇਡਾਂ ⬭ (ਸ) ਕੰਪਿਊਟਰ ਵਰ ਜਾਂ ਸਰਾਪ ⬭

(vi) 'ਪਰਾਈਆਂ' ਸ਼ਬਦ ਤੋਂ ਕੀ ਭਾਵ ਹੈ ?

(ੳ) ਬੇਗਾਨੀਆਂ ⬭ (ਅ) ਆਪਣੀਆਂ ⬭

(ੲ) ਖ਼ੂਬਸੂਰਤ ⬭ (ਸ) ਗ਼ਰੀਬ ਔਰਤਾਂ ⬭

**2. ਹੇਠਾਂ ਦਿੱਤੀ ਅਣਡਿੱਠੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ—** **(1×4=4)**

ਸਭ ਅੰਨ ਅਨਾਜ ਗ਼ਰੀਬਾਂ ਦਾ, ਗੁਦਾਮਾਂ ਦੇ ਵਿੱਚ ਦਫ਼ਨ ਪਿਆ।
ਸਭ ਦੁਨੀਆਂ ਦਾ ਲੋਹਾ ਕੋਇਲਾ, ਹਥਿਆਰਾਂ ਦੇ ਵਿੱਚ ਬਦਲ ਗਿਆ।
ਦੈਂਤਾਂ ਦੀਆਂ ਭੱਠੀਆਂ ਗਰਮ ਸਦਾ, ਲੋਕਾਂ ਚੁੱਲ੍ਹੇ ਅੰਗਿਆਰ ਨਹੀਂ।

(i) ਅਨਾਜ ਦੇ ਗੁਦਾਮਾਂ ਵਿੱਚ ਦਫ਼ਨ ਹੋਣ ਤੋਂ ਕੀ ਭਾਵ ਹੈ ?

(ii) ਲੋਹੇ ਅਤੇ ਕੋਲੇ ਵਿੱਚ ਕਿਹੜੀ ਤਬਦੀਲੀ ਆਈ ਹੈ ?

(iii) 'ਦੈਂਤ' ਕਿਨ੍ਹਾਂ ਨੂੰ ਕਿਹਾ ਗਿਆ ਹੈ ?

(iv) 'ਲੋਕਾਂ ਚੁੱਲ੍ਹੇ ਅੰਗਿਆਰ ਨਹੀਂ' ਤੋਂ ਕੀ ਭਾਵ ਹੈ ?

## ਭਾਗ-ਅ

## ਵਿਆਕਰਨ

**3. ਵਿਰੋਧੀ ਸ਼ਬਦ : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਕਰੋ :** **(1×2=2)**

**(i) 'ਆਪਣਾ' ਦਾ ਸਹੀ ਵਿਰੋਧੀ ਸ਼ਬਦ ਕੀ ਹੋਵੇਗਾ ?**

(ੳ) ਵਿਰੋਧੀ ⬭ (ਅ) ਪ੍ਰਸ਼ੰਸਾ ⬭

(ੲ) ਪਰਾਇਆ ⬭ (ਸ) ਪਿਆਰਾ ⬭

**(ii) ਹੇਠ ਲਿਖੇ ਸ਼ਬਦਾਂ ਵਿੱਚੋਂ ਸਹੀ ਵਿਰੋਧੀ ਸ਼ਬਦਾਂ ਦਾ ਜੁੱਟ ਚੁਣੋ :**

(ੳ) ਇਮਾਨਦਾਰ/ਸ਼ਰੀਫ ⬭ (ਅ) ਇਮਾਨਦਾਰ/ਬੇਈਮਾਨ ⬭

(ੲ) ਇਮਾਨਦਾਰ/ਲਾਲਚੀ ⬭ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ ⬭

**(iii) 'ਜਸਮੀਤ ਹਮੇਸ਼ਾ ਬੋਲਣ ਲੱਗਿਆਂ ਕੁ਼ਫ਼ਰ ਤੋਲਦੀ ਹੈ।' ਇਸ ਵਾਕ ਵਿੱਚ ਆਏ 'ਕੁ਼ਫ਼ਰ' ਦਾ ਸਹੀ ਵਿਰੋਧੀ ਸ਼ਬਦ ਦੱਸੋ।**

(ੳ) ਮਦਦਗਾਰ ⬭ (ਅ) ਝੂਠ ⬭

(ੲ) ਵਿਰੋਧੀ ⬭ (ਸ) ਸੱਚ ⬭

4. **ਲਿੰਗ ਬਦਲੋ : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਕਰੋ।** **(1×2=2)**

(i) **ਹੇਠ ਲਿਖੇ ਸ਼ਬਦਾਂ ਵਿੱਚੋਂ ਇਸਤਰੀ ਲਿੰਗ ਸ਼ਬਦਾਂ ਦੀ ਚੋਣ ਕਰੋ :**

(ੳ) ਫੁੱਫੜ, ਮਾਸੜ ☐ (ਅ) ਮਾਮਾ, ਚਾਚਾ ☐

(ੲ) ਮਾਮੀ, ਚਾਚੀ ☐ (ਸ) ਸਹੁਰਾ, ਤਾਇਆ ☐

(ii) **ਹੇਠ ਲਿਖੇ ਸ਼ਬਦਾਂ ਵਿੱਚੋਂ ਸਹੀ ਲਿੰਗ-ਪੁਲਿੰਗ ਸ਼ਬਦਾਂ ਦਾ ਜੁੱਟ ਚੁਣੋ :**

(ੳ) ਤਾਈ/ਚਾਚੀ ☐ (ਅ) ਘੜੀ/ਘੜੀਆ ☐

(ੲ) ਸਿੰਧੂਰ/ਟਿੱਕਾ ☐ (ਸ) ਸੰਤ/ਸੰਤਾ ☐

(iii) **ਨਿੰਮੀ ਦਾ ਮਾਸੜ ਫ਼ੌਜੀ ਹੈ। 'ਮਾਸੜ ਸ਼ਬਦ ਦਾ ਇਸਤਰੀ ਲਿੰਗ ਕੀ ਹੈ ?**

(ੳ) ਮਾਸੀ ☐ (ਅ) ਭੈਣ ☐

(ੲ) ਨਨਾਣ ☐ (ਸ) ਸਾਲੇਹਾਰ ☐

5. **ਸ਼ਬਦ ਸ਼ੁੱਧੀ : ਹੇਠ ਲਿਖੇ ਅਸ਼ੁੱਧ ਸ਼ਬਦਾਂ ਵਿੱਚੋਂ ਕਿਸੇ ਦੋ ਸ਼ਬਦਾਂ ਨੂੰ ਸ਼ੁੱਧ (ਸਹੀ) ਕਰਕੇ ਲਿਖੋ :** **(1×2=2)**

(i) ਕੁੜਿਯਾ ਦਾ ਸਤਿਕਾਰ ਕਰੋ (ii) ਏਅ ਪਾਨੀ ਗਅਰਮ ਹੈ (iii) ਅਜ ਕਿ ਖਾਔਂਗੇ

6. **ਵਿਸਮਿਕ : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਕਰੋ :** **(1×2=2)**

(i) **ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹਨ ?**

(ੳ) ਅੱਠ ਕਿਸਮਾਂ ☐ (ਅ) ਨੌਂ ਕਿਸਮਾਂ ☐

(ੲ) ਸੱਤ ਕਿਸਮਾਂ ☐ (ਸ) ਛੇ ਕਿਸਮਾਂ ☐

(ii) **'ਜਿਉਂਦੇ ਵੱਸਦੇ ਰਹੋ' ਵਾਕ ਵਿਸਮਿਕ ਦੀ ਕਿਹੜੀ ਕਿਸਮ ਦਾ ਹੈ ?**

(ੳ) ਅਸੀਸ ਵਾਚਕ ☐ (ਅ) ਸੰਬੋਧਨੀ ਵਾਚਕ ☐

(ੲ) ਹੈਰਾਨੀ ਵਾਚਕ ☐ (ਸ) ਫਿਟਕਾਰ ਵਾਚਕ ☐

(iii) **ਪ੍ਰਸ਼ੰਸਾ ਵਾਚਕ ਵਿਸਮਿਕ ਦੀ ਸਹੀ ਉਦਾਹਰਨ ਦੱਸੋ।**

(ੳ) ਉਏ, ਨੀ! ☐ (ਅ) ਸ਼ਾਬਾਸ਼, ਬੱਲੇ! ☐

(ੲ) ਹਾਏ ਰੱਬਾ! ☐ (ਸ) ਕਾਸ਼! ਮੈਂ ਅਮੀਰ ਹੁੰਦਾ ☐

7. **ਕਿਰਿਆ : (ਲਿਖਤੀ ਪ੍ਰਸ਼ਨ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਸਹੀ ਉੱਤਰ ਦਿਓ :** **(1×2=2)**

(i) ਅਕਰਮਕ ਕਿਰਿਆ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ।

(ii) ਨਵਜੀਤ ਰੋਟੀ ਖਾ ਰਿਹਾ ਹੈ। ਇਸ ਵਾਕ ਵਿੱਚੋਂ ਕਰਮ ਦੱਸੋ।

(iii) ਦਲਬੀਰ ਸਵੇਰੇ ਸੈਰ ਨੂੰ ਜਾਂਦਾ ਹੈ। ਇਸ ਵਾਕ ਵਿੱਚੋਂ ਕਰਤਾ ਦੱਸੋ।

8. **ਮੁਹਾਵਰੇ : ਹੇਠਾਂ ਦਿੱਤੇ ਮੁਹਾਵਰਿਆਂ ਵਿੱਚੋਂ ਕਿਸੇ ਦੋ ਦੇ ਅਰਥ ਸਪੱਸ਼ਟ ਕਰਦੇ ਹੋਏ ਵਾਕ ਬਣਾਓ :** **(1×2=2)**

(i) ਉਂਗਲੀ ਕਰਨੀ

(ii) ਇੱਟ ਨਾਲ਼ ਇੱਟ ਖੜਕਾਉਣੀ

(iii) ਅਸਮਾਨ ਨੂੰ ਟਾਕੀਆਂ ਲਾਉਣਾ

(iv) ਹੱਥ 'ਤੇ ਹੱਥ ਧਰ ਕੇ ਬਹਿਣਾ।

**ਭਾਗ-ੲ**

## ਲਿਖਣ ਕੌਸ਼ਲ

9. **ਲੇਖ ਰਚਨਾ : ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਦਾ ਨਿਬੰਧ ਲਿਖੋ :** **(8)**

(i) ਮੇਰਾ ਮਨ ਪਸੰਦ ਅਧਿਆਪਕ

**ਪ੍ਰਮੁੱਖ ਨੁਕਤੇ** : ਜੀਵਨ ਉਦੇਸ਼ ... ਪੜ੍ਹਾਉਣ ਦੀ ਕਲਾ ... ਵਿਦਿਆਰਥੀ ਨੂੰ ਉਤਸ਼ਾਹਤ ਕਰਨ ਵਾਲ਼ੇ ... ਹੋਰ ਗਤੀਵਿਧੀਆਂ ਵਿੱਚ ਦਿਲਚਸਪੀ ਲੈਣ ਵਾਲ਼ੇ ... ਸਮੇਂ ਦੇ ਪਾਬੰਦ ਵਿਦਿਆਰਥੀਆਂ ਲਈ ਚਾਨਣ ਮੁਨਾਰੇ ... ਵਿਦਿਆਦਾਨੀ।

(ii) ਵਿਹਲਾ ਮਨ ਸ਼ੈਤਾਨ ਦਾ ਘਰ

**ਪ੍ਰਮੁੱਖ ਨੁਕਤੇ** : ਮਨ ਦਾ ਅਰਥ ... ਵਿਹਲਾ ਮਨ ਸ਼ੈਤਾਨ ... ਵਿਹਲੇ ਮਨ ਤੋਂ ਭਾਵ ... ਮਨੁੱਖ ਦੀ ਪਰੇਸ਼ਾਨੀ ਦਾ ਕਾਰਨ ... ਮਨ ਨੂੰ ਇਕਾਗਰ ਕਰਨ ਦੀ ਲੋੜ ... ਸਾਰੰਸ਼।

(iii) ਭਾਰਤ ਵਿੱਚ ਆਨਲਾਈਨ ਸ਼ਾਪਿੰਗ ਦਾ ਦੌਰ ਚੰਗਾ ਅਤੇ ਮਾੜੇ ਪੱਖ

**ਪ੍ਰਮੁੱਖ ਨੁਕਤੇ** : ਜਾਣ ਪਛਾਣ ... ਵੱਖ-ਵੱਖ ਕੰਪਨੀਆਂ ... ਆਨਲਾਈਨ ਖ਼ਰੀਦਦਾਰੀ ... ਆਨਲਾਈਨ ਖ਼ਰੀਦਦਾਰੀ ਦੇ ਨੁਕਸਾਨ ... ਆਨਲਾਈਨ ਖਰੀਦਦਾਰੀ ਦੇ ਲਾਭ ... ਸਾਮਾਨ ਵਾਪਸ ਕਰਨ ਦੀ ਸਹੂਲਤ ... ਸਿੱਟਾ।

10. **ਪੱਤਰ ਰਚਨਾ** : (**ਕੋਈ ਇੱਕ ਕਰੋ**) **(6)**

ਤੁਹਾਡੇ ਜਨਮ ਦਿਨ 'ਤੇ ਮਾਮਾ ਜੀ ਦੁਆਰਾ ਭੇਜੇ ਗਏ ਤੋਹਫ਼ੇ ਦਾ ਧੰਨਵਾਦ ਕਰਦੇ ਹੋਏ ਪੱਤਰ ਲਿਖੋ।

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਤੋਂ ਸਕੂਲ ਵਿੱਚ ਅੰਤਰ ਹਾਊਸ ਕਾਵਿ ਮੁਕਾਬਲਾ ਕਰਵਾਉਣ ਲਈ ਆਗਿਆ ਲੈਣ ਲਈ ਪੱਤਰ ਲਿਖੋ।

11. **ਚਿੱਤਰ ਵਰਨਣ : ਹੇਠਾਂ ਦਿੱਤੀ ਤਸਵੀਰ ਨੂੰ ਵੇਖ ਕੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ :** **(4)**

